# Visit of the Prime Minister of Denmark to India (October 9-11, 2021)

October 05, 2021

---

## ਡੈਨਮਾਰਕ ਦੇ ਪ੍ਰਧਾਨ ਮੰਤਰੀ ਦੀ ਭਾਰਤ ਫੇਰੀ (9-11 ਅਕਤੂਬਰ, 2021)

**5 ਅਕਤੂਬਰ, 2021**

ਡੈਨਮਾਰਕ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀਮਤੀ ਮੈਟੇ ਫ੍ਰੈਡਰਿਕਸਨ 9-11 ਅਕਤੂਬਰ, 2021 ਤੱਕ ਭਾਰਤ ਦਾ ਅਧਿਕਾਰਿਤ ਦੌਰਾ ਕਰਣਗੇ।

2. ਆਪਣੀ ਫੇਰੀ ਦੌਰਾਨ ਮਹਾਮਹਿਮ ਸ਼੍ਰੀਮਤੀ ਮੈਟੇ ਫ੍ਰੈਡਰਿਕਸਨ ਭਾਰਤ ਦੇ ਰਾਸ਼ਟਰਪਤੀ ਨਾਲ ਮੁਲਾਕਾਤ ਕਰਨਗੇ ਅਤੇ ਪ੍ਰਧਾਨ ਮੰਤਰੀ ਨਾਲ ਦੁਵੱਲੀ ਗੱਲਬਾਤ ਕਰਨਗੇ। ਉਹ ਵਿਚਾਰਕ ਮੰਚਾਂ, ਵਿਦਿਆਰਥੀਆਂ ਅਤੇ ਨਾਗਰਿਕ ਸਮਾਜ ਦੇ ਮੈਂਬਰਾਂ ਨਾਲ ਵੀ ਗੱਲਬਾਤ ਕਰਣਗੇ।

3. ਭਾਰਤ-ਡੈਨਮਾਰਕ ਦੁਵੱਲੇ ਸਬੰਧਾਂ ਦੀ ਖ਼ਾਸੀਅਤ ਬਾਕਾਇਦਾ ਤੌਰ 'ਤੇ ਹੋਣ ਵਾਲੇ ਉੱਚ ਪੱਧਰੀ ਵਿਚਾਰ ਵਟਾਂਦਰੇ ਹਨ ਹਨ, ਜੋ ਇਤਿਹਾਸਕ ਸਬੰਧਾਂ, ਸਾਂਝੀਆਂ ਲੋਕਤਾਂਤਰਿਕ ਪਰੰਪਰਾਵਾਂ ਅਤੇ ਖੇਤਰੀ ਅਤੇ ਆਲਮੀ ਸ਼ਾਂਤੀ ਅਤੇ ਸਥਿਰਤਾ ਦੀ ਸਾਂਝੀ ਇੱਛਾ 'ਤੇ ਅਧਾਰਤ ਹਨ।

4. 28 ਸਤੰਬਰ, 2020 ਨੂੰ ਹੋਏ ਵਰਚੁਅਲ ਸਿਖਰ ਸੰਮੇਲਨ ਦੌਰਾਨ ਭਾਰਤ ਅਤੇ ਡੈਨਮਾਰਕ ਨੇ 'ਗ੍ਰੀਨ ਰਣਨੀਤਕ ਭਾਈਵਾਲੀ' ਦੀ ਸਥਾਪਨਾ ਕੀਤੀ ਸੀ। ਮਹਾਮਹਿਮ ਸ਼੍ਰੀਮਤੀ ਮੈਟੇ ਫ੍ਰੈਡਰਿਕਸਨ ਦੇ ਇਸ ਦੌਰੇ ਸਦਕਾ ਦੋਵਾਂ ਧਿਰਾਂ ਨੂੰ ਸਮੁੱਚੇ ਦੁਵੱਲੇ ਸਬੰਧਾਂ ਬਾਰੇ ਵਿਚਾਰ ਵਟਾਂਦਰਾ ਕਰਨ ਅਤੇ 'ਗ੍ਰੀਨ ਰਣਨੀਤਕ ਭਾਈਵਾਲੀ' ਨੂੰ ਲਾਗੂ ਕਰਨ ਵਿੱਚ ਪ੍ਰਗਤੀ ਦੀ ਸਮੀਖਿਆ ਕਰਨ ਦਾ ਮੌਕਾ ਮਿਲੇਗਾ। ਦੋਵੇਂ ਪੱਖ ਆਪਸੀ ਹਿੱਤਾਂ ਦੇ ਖੇਤਰੀ ਅਤੇ ਬਹੁਪੱਖੀ ਮੁੱਦਿਆਂ 'ਤੇ ਵੀ ਚਰਚਾ ਕਰਨਗੇ।

5. ਭਾਰਤ ਅਤੇ ਡੈਨਮਾਰਕ ਦਰਮਿਆਨ ਮਜ਼ਬੂਤ ਵਪਾਰਕ ਅਤੇ ਨਿਵੇਸ਼ ਸਬੰਧ ਹਨ. ਭਾਰਤ ਵਿੱਚ 200 ਤੋਂ ਵੱਧ ਡੈਨਿਸ਼ ਕੰਪਨੀਆਂ ਮੌਜੂਦ ਹਨ ਅਤੇ 60 ਤੋਂ ਵੱਧ ਭਾਰਤੀ ਕੰਪਨੀਆਂ ਦੀ ਡੈਨਮਾਰਕ ਵਿੱਚ ਮੌਜੂਦਗੀ ਹੈ। ਨਵਿਆਉਣਯੋਗ ਊਰਜਾ, ਸਾਫ ਸੁਥਰੀਆਂ ਤਕਨਾਲੋਜੀਆਂ, ਪਾਣੀ ਅਤੇ ਰਹਿੰਦ -ਖੂੰਹਦ ਪ੍ਰਬੰਧਨ, ਖੇਤੀਬਾੜੀ ਅਤੇ ਪਸ਼ੂ ਪਾਲਣ, ਵਿਗਿਆਨ ਅਤੇ ਤਕਨਾਲੋਜੀ, ICT ਸਮੇਤ ਡਿਜੀਟਾਈਜ਼ੇਸ਼ਨ, ਸਮਾਰਟ ਸਿਟੀਜ਼, ਸ਼ਿਪਿੰਗ, ਆਦਿ ਖੇਤਰਾਂ ਵਿੱਚ ਮਜ਼ਬੂਤ ਸਹਿਯੋਗ ਹੈ।

6. ਇਸ ਦੌਰੇ ਨਾਲ ਭਾਰਤ ਅਤੇ ਡੈਨਮਾਰਕ ਦੇ ਨੇੜਲੇ ਅਤੇ ਦੋਸਤਾਨਾ ਸਬੰਧਾਂ ਨੂੰ ਹੋਰ ਮਜ਼ਬੂਤੀ ਅਤੇ ਹੁਲਾਰਾ ਮਿਲਣ ਦੀ ਉਮੀਦ ਹੈ।

ਨਵੀਂ ਦਿੱਲੀ
5 ਅਕਤੂਬਰ, 2021

DISCLAIMER: This is an approximate translation. The original is available in English on MEA's website and may be referred to as the official press release.